ਸੰਪਾਦਕੀ

ਘੱਟ ਗਿਣਤੀਆਂ ਤੇ ਪਾਕਿਸਤਾਨ

ਪਾਕਿਸਤਾਨ ਹੋਂਦ ਵਿੱਚ ਆਉਣ ਤੋਂ ਬਾਅਦ ਹੁਣ ਤੱਕ ਉੱਥੇ ਵਸੀਆਂ ਘੱਟ ਗਿਣਤੀ ਕੌਮਾਂ ਲਗਾਤਾਰ ਮੁਸੀਬਤ ਭਰਿਆ ਜੀਵਨ ਜੀਅ ਰਹੀਆਂ ਹਨ। ਦੁੱਖ ਇਸ ਗੱਲ ਦਾ ਹੈ ਕਿ ਕੋਈ ਵੀ ਸਮੇਂ ਦੀ ਸਰਕਾਰ, ਇਨ੍ਹਾਂ ਘੱਟ ਗਿਣਤੀਆਂ ਨੂੰ ਕਿਸੇ ਪ੍ਰਕਾਰ ਦੀ ਵੀ ਵਿਸ਼ੇਸ਼ ਰਾਹਤ ਦੇਣ ਵਿੱਚ ਲਗਾਤਾਰ ਅਸਫਲ ਰਹੀ ਹੈ। ਕਿਸੇ ਵੀ ਸਰਕਾਰ ਨੇ ਕਦੇ ਵੀ ਸੰਜੀਦਗੀ ਨਾਲ ਯਤਨ ਕੀਤੇ ਹੀ ਨਹੀਂ, ਜਿਸ ਰਾਹੀਂ ਇਨ੍ਹਾਂ ਕੌਮਾਂ ਨੂੰ ਇਹ ਅਹਿਸਾਸ ਕਰਵਾਇਆ ਜਾਵੇ ਕਿ ਉਹ ਵੀ ਪਾਕਿਸਤਾਨ ਦੇ ਜ਼ਿੰਮੇਵਾਰ ਨਾਗਰਿਕ ਹਨ, ਸਗੋਂ ਸਰਕਾਰ ਦੇ ਅਜਿਹੇ ਗੈਰ-ਜ਼ਿੰਮੇਵਾਰ ਵਿਵਹਾਰ ਕਰਕੇ ਪਾਕਿਸਤਾਨ ਦੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦੇ ਨਾਗਰਿਕ ਸਮਝਣ ਲੱਗ ਪਈਆਂ ਹਨ। ਇਨ੍ਹਾਂ ਕੌਮਾਂ 'ਤੇ ਅੱਤਿਆਚਾਰ ਦੇ ਉਹ ਦਿਨ ਵੀ ਯਾਦ ਆ ਜਾਂਦੇ ਹਨ, ਜਦੋਂ ਔਰੰਗਜ਼ੇਬ ਨੇ ਗੈਰ-ਮੁਸਲਮਾਨਾਂ ਤੇ ਜਜੀਆ ਟੈਕਸ ਥੋਪ ਦਿੱਤਾ ਸੀ। ਉਦੋਂ ਵੀ ਗੈਰ-ਮੁਸਲਮਾਨਾਂ ਨੂੰ ਉਹ ਅਧਿਕਾਰ ਪ੍ਰਾਪਤ ਨਹੀਂ ਸਨ, ਜੋ ਮੁਸਲਮਾਨਾਂ ਨੂੰ ਸਨ। ਕਹਿਣ ਨੂੰ ਤਾਂ ਭਾਵੇਂ ਪਾਕਿਸਤਾਨ ਵਿੱਚ ਲੋਕ ਰਾਜ ਸਥਾਪਤ ਹੋ ਗਿਆ ਹੈ, ਪਰ ਇਸ ਦੇ ਬਾਵਜੂਦ ਉੱਤਰੀ ਪੱਛਮੀ ਸਰਹੱਦੀ ਸੂਬੇ 'ਚ ਅੱਜ ਵੀ ਇੱਕ ਤਰ੍ਹਾਂ ਦਾ ਤਾਲਿਬਾਨੀ ਕਬਜ਼ਾ ਬਣਿਆ ਹੋਇਆ ਹੈ। ਪਿਛਲੇ ਸਾਲ ਇਨ੍ਹਾਂ ਤਾਲਿਬਾਨਾਂ ਨੇ ਉਸ ਖਿੱਤੇ ਵਿੱਚ ਵੱਸੇ ਹਿੰਦੂਆਂ-ਸਿੱਖਾਂ 'ਤੇ ਜਜੀਆ ਟੈਕਸ ਠੋਕ ਦਿੱਤਾ ਸੀ। ਧਮਕੀ ਦਿੱਤੀ ਗਈ ਸੀ ਕਿ ਜੋ ਵੀ ਘੱਟ ਗਿਣਤੀ ਫਿਰਕਾ ਇਹ ਟੈਕਸ ਨਹੀਂ ਦੇਵੇਗਾ, ਉਸ ਨੂੰ ਸ਼ਰੇਆਮ ਗੋਲੀਆਂ ਨਾਲ ਹਲਾਕ ਕਰ ਦਿੱਤਾ ਜਾਵੇਗਾ। ਉਦੋਂ ਹੀ 11 ਸਿੰਘਾਂ ਨੂੰ ਬੰਦੀ ਬਣਾ ਲਿਆ ਗਿਆ ਸੀ ਜੋ ਇਹ ਜਜ਼ੀਆ ਟੈਕਸ ਦੇਣ ਤੋਂ ਅਸਮਰੱਥ ਸਨ। ਇਨ੍ਹਾਂ ਔਰੰਗਜ਼ੇਬੀ ਹੁਕਮਾਂ ਸਾਹਮਣੇ ਪਾਕਿਸਤਾਨ ਦੀ ਮੌਜੂਦਾ ਸਰਕਾਰ ਪੂਰੀ ਤਰ੍ਹਾਂ ਬੇਬੱਸ ਲੱਗੀ ਸੀ। ਇਨ੍ਹਾਂ ਘਟਨਾਵਾਂ ਦਾ ਹਿੰਦ ਸਮੇਤ ਪੂਰੀ ਦੁਨੀਆਂ ਵਿੱਚ ਪਾਕਿਸਤਾਨ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਸਿੱਟੇ ਵੱਜੋਂ ਪਾਕਿਸਤਾਨ ਦੀ ਸਰਕਾਰ ਨੇ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਥੋੜ੍ਹੀ ਮੋਟੀ ਕਾਰਵਾਈ ਵੀ ਕੀਤੀ ਸੀ, ਪਰ ਇਸ ਦੇ ਬਾਵਜੂਦ ਪਾਕਿਸਤਾਨ ਦੀ ਸਰਕਾਰ, ਇੱਥੋਂ ਦੀ ਫੌਜ ਤੇ ਹੋਰ ਸੁਰੱਖਿਆ ਦਸਤੇ ਉਹ ਸਿੱਟੇ ਨਹੀਂ ਸਨ ਕੱਢ ਸਕੇ ਜੋ ਕਿ ਤੱਵਜੋਂ ਕੀਤੀ ਜਾਂਦੀ ਸੀ। ਜੇ ਕਿਤੇ ਪਾਕਿਸਤਾਨ ਦੀਆਂ ਸੁਰੱਖਿਆ ਫੋਰਸਾਂ ਨੇ ਪੂਰੀ ਗੰਭੀਰਤਾ ਤੇ ਸੰਜੀਦਗੀ ਨਾਲ ਕਦਮ ਚੁੱਕੇ ਹੁੰਦੇ ਤਾਂ ਅੱਜ ਫੇਰ ਕੌਮਾਂਤਰੀ ਪੱਧਰ 'ਤੇ ਪਾਕਿਸਤਾਨ ਨੂੰ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪੈਂਦਾ, ਜਿਸ ਰਾਹੀਂ ਤਾਜ਼ਾ ਘਟਨਾ ਵਿੱਚ ਪਾਕਿਸਤਾਨ ਦੇ ਪੇਸ਼ੇਵਰ ਖਿੱਤੇ ਵਿੱਚ ਦੋ ਸਿੱਖਾਂ ਨੂੰ ਇੱਕ ਮਹੀਨੇ ਤੋਂ ਉੱਤੇ ਬੰਦੀ ਬਣਾ ਕੇ ਤਾਲਿਬਾਨਾਂ ਨੂੰ 3 ਕਰੋੜ ਰੁਪਏ ਨਾ ਦੇਣ ਕਰਕੇ ਉਨ੍ਹਾਂ ਦੇ ਸਿਰ ਧੜ ਤੋਂ ਵੱਖ ਕਰਕੇ ਸਮੁੱਚੇ ਪਾਕਿਸਤਾਨ ਦੀ ਘੱਟ ਗਿਣਤੀਆਂ ਸਮੇਤ ਭਾਰਤ ਵਿੱਚ ਵੀ ਕੰਬਣੀ ਛੇੜ ਦਿੱਤੀ। ਸੁਭਾਵਿਕ ਹੀ ਸੀ ਕਿ ਸਮੁੱਚੇ ਵਿਸ਼ਵ ਦੇ ਸਿੱਖਾਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਤੇ ਤਾਲਿਬਾਨਾਂ ਨੂੰ ਨੱਥ ਪਾਉਣ ਦੀ ਮੰਗ ਕੀਤੀ, ਜਿਨ੍ਹਾਂ ਨੇ ਇਸ ਘਟਨਾ ਨੂੰ ਅੰਜ਼ਾਮ ਦਿੱਤਾ ਸੀ। ਭਾਰਤ ਵਿੱਚ ਇਸ ਘਟਨਾ ਦੇ ਵਿਰੁੱਧ ਥਾਂ-ਥਾਂ ਮੁਜ਼ਾਹਰੇ ਹੋ ਰਹੇ ਹਨ ਤੇ ਪਾਕਿਸਤਾਨ ਸਰਕਾਰ ਦੀਆਂ ਅਰਥੀਆਂ ਫੂਕੀਆਂ ਜਾ ਰਹੀਆਂ ਹਨ, ਜਿਹੜੀ ਇਸ ਘਟਨਾ ਦੇ ਜ਼ਿੰਮੇਵਾਰ ਦੋਸ਼ੀਆਂ ਨੂੰ ਅਜੇ ਤੱਕ ਕਟਹਿਰੇ ਵਿੱਚ ਖੜ੍ਹੀ ਨਹੀਂ ਕਰ ਸਕੀ। ਭਾਵੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ ਤੇ ਦੋਸ਼ੀਆਂ ਨੂੰ ਜਲਦੀ ਫੜ੍ਹਨ ਦਾ ਭਰੋਸਾ ਦਿੱਤਾ ਹੈ ਪਰ ਇਸ ਦੇ ਬਾਵਜੂਦ ਇਹ ਕਾਫੀ ਨਹੀਂ ਹੈ। ਜਦੋਂ ਪਿਛਲੇ ਸਾਲ ਅਜਿਹੀਆਂ ਘਟਨਾਵਾਂ ਹੋਈਆਂ ਸਨ ਤਾਂ ਉਦੋਂ ਵੀ ਉਪਰੋਕਤ ਨੇਤਾਵਾਂ ਵੱਲੋਂ ਇਸੇ ਤਰ੍ਹਾਂ ਦੇ ਬਿਆਨ ਪ੍ਰਕਾਸ਼ਤ ਹੋਏ ਸਨ, ਪਰ ਪਰਨਾਲਾ ਬਿਲਕੁਲ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਭੋਰਾ ਭਰ ਵੀ ਤਬਦੀਲੀ ਮਹਿਸੂਸ ਨਹੀਂ ਹੋ ਰਹੀ। ਅੱਜ ਵੀ ਖਿੱਤੇ ਵਿੱਚ ਪਾਕਿਸਤਾਨ ਦੀ ਆਪਣੀ ਸੂਬਾ ਸਰਕਾਰ ਨੂੰ ਨਜ਼ਰ-ਅੰਦਾਜ਼ ਕਰਕੇ, ਇਨ੍ਹਾਂ ਤਾਲਿਬਾਨੀ ਹੁਕਮਾਂ 'ਤੇ ਫੁੱਲ ਚੜ੍ਹਾਏ ਜਾਂਦੇ ਹਨ। ਭਾਵੇਂ ਅਮਰੀਕੀ ਦਬਾਓ ਅਧੀਨ ਨਾਟੋ ਫੌਜਾਂ ਨੇ ਇਨ੍ਹਾਂ ਤਾਲਿਬਾਨੀਆਂ ਵਿਰੁੱਧ ਹਮਲੇ ਕਰਕੇ ਕੁੱਝ ਤਾਲਿਬਾਨੀ ਟਿਕਾਣੇ ਨਸ਼ਟ ਕੀਤੇ ਹਨ, ਪਰ ਇਹ ਸਾਰਾ ਕੁੱਝ ਆਟੇ ਵਿੱਚ ਲੂਣ ਦੇ ਬਰਾਬਰ ਹਨ, ਜਿੰਨੀ ਦੇਰ ਪਾਕਿਸਤਾਨ ਦੀ ਸਰਕਾਰ ਤਨੋਂ ਮਨੋਂ ਤੇ ਧਨੋਂ ਇਨ੍ਹਾਂ ਤਾਲਿਬਾਨੀਆਂ ਵਿਰੁੱਧ ਕਾਰਵਾਈ ਨਹੀਂ ਕਰਦੀ ਓਨੀ ਦੇਰ ਘੱਟ ਗਿਣਤੀਆਂ ਵਿੱਚ ਭੈਅ ਤੇ ਡਰ ਬਣਿਆ ਰਹਿ ਸਕਦਾ ਹੈ। ਹਿੰਦ ਦੀ ਸਰਕਾਰ ਨੇ ਵੀ ਪਾਕਿਸਤਾਨ ਦੀ ਸਰਕਾਰ ਕੋਲ ਚਿੰਤਾ ਦਾ ਖੁੱਲ੍ਹ ਕੇ ਪ੍ਰਗਟਾਵਾ ਕਰ ਦਿੱਤਾ ਹੈ। ਹੁਣ ਪਾਕਿਸਤਾਨ ਦੀ ਸਰਕਾਰ ਨੂੰ ਇਹ ਫ਼ਰਾਕ ਦਿਲੀ ਨਾਲ ਸੋਚਣਾ ਪਵੇਗਾ ਕਿ ਉਸ ਨੇ ਘੱਟ ਗਿਣਤੀਆਂ ਨੂੰ ਆਪਣੇ ਨਾਲ ਰੱਖਣਾ ਹੈ ਜਾਂ ਇਨ੍ਹਾਂ ਨੂੰ ਆਪਣੇ ਹੀ ਕਰਮਾਂ 'ਤੇ ਛੱਡ ਦੇਣਾ ਹੈ। ਪਾਕਿਸਤਾਨ ਸਰਕਾਰ ਨੂੰ ਕਰੜੇ ਹੱਥੀਂ, ਇਨ੍ਹਾਂ ਤੱਤਾਂ ਨਾਲ ਨਿਪਟਣਾ ਚਾਹੀਦਾ ਹੈ। ਥੋੜ੍ਹੀ ਜਿਹੀ ਨਰਮਾਈ ਘਾਤਕ ਸਿੱਧ ਹੋ ਸਕਦੀ ਹੈ ਤੇ ਹੋ ਵੀ ਰਹੀ ਹੈ। ਕੜਰਾਈ ਰਾਹੀਂ ਹੀ ਪਾਕਿਸਤਾਨ ਦਾ ਨਿਜ਼ਾਮ ਨਮੋਸ਼ੀ ਤੋਂ ਖਹਿੜਾ ਛੁਡਾ ਸਕਦਾ ਹੈ, ਜੋ ਉਸ ਨੂੰ ਕੌਮਾਂਤਰੀ ਪੱਧਰ 'ਤੇ ਮਿਲ ਰਹੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੀ ਇਤਿਹਾਸ ਨੂੰ ਬੇਮਿਸਾਲ ਦੇਣ

ਡਾ.ਸਵਰਾਜ ਸਿੰਘ

ਸਿੱਖ ਵਿਚਾਰਧਾਰਾ ਇੱਕ ਨਿਰੰਤਰ, ਵਿਲੱਖਣ ਅਤੇ ਮੁਕੰਮਲ ਇਨਕਲਾਬ ਦਾ ਸੰਕਲਪ ਹੈ, ਜਿਸ ਨੇ ਕਿ ਖਾਲਸੇ ਦੇ ਰੂਪ ਵਿੱਚ ਇੱਕ ਨਵੇਂ ਮਨੁੱਖ ਦੀ ਸਿਰਜਣਾ ਕੀਤੀ। ਸੰਸਾਰ ਵਿੱਚ ਕੋਈ ਵੀ ਹੋਰ ਇਨਕਲਾਬੀ ਇੱਕ ਨਵਾਂ ਮਨੁੱਖ ਸਿਰਜਣ ਵਿੱਚ ਸਫ਼ਲ ਨਹੀਂ ਹੋ ਸਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਸੰਪੂਰਣ ਮਨੁੱਖ ਦਾ ਸੰਕਲਪ ਹੈ। ਸਾਨੂੰ ਇਹ ਸਮਝਾਇਆ ਗਿਆ ਹੈ ਕਿ ਮਨੁੱਖ ਸੰਭਾਵਿਤ ਤੌਰ 'ਤੇ ਸੰਪੂਰਣ ਹੈ ਪ੍ਰੰਤੂ ਆਪਣੀ ਅਗਿਆਨਤਾ ਕਾਰਨ ਉਹ ਅਧੂਰਾ ਹੈ। ਅਗਿਆਨ ਨੇ ਮਨੁੱਖ ਦੀ ਦ੍ਰਿਸ਼ਟੀ ਧੁੰਧਲੀ ਕੀਤੀ ਹੋਈ ਹੈ ਅਤੇ ਉਹ ਆਪਣੀ ਸਚਾਈ ਨੂੰ ਦੇਖਣ ਤੇ ਸਮਝਣ ਤੋਂ ਅਸਮਰੱਥ ਹੈ। ਜਦੋਂ ਗਿਆਨ ਦਾ ਅੰਜ਼ਨ (ਸੁਰਮਾ) ਉਸ ਦੀਆਂ ਅੱਖਾਂ ਵਿੱਚ ਪੈ ਜਾਂਦਾ ਹੈ ਅਤੇ ਅਗਿਆਨ ਦਾ ਧੁੰਧਲਾਪਨ ਉਸ ਦੀ ਦ੍ਰਿਸ਼ਟੀ ਤੋਂ ਦੂਰ ਹੋ ਜਾਂਦਾ ਹੈ, ਤਦ ਉਹ ਆਪਣੀ ਅਸਲੀਅਤ ਦੇਖ ਸਕਦਾ ਹੈ ਤੇ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਹ ਤਾਂ ਸੰਪੂਰਣ ਹੈ ਅਤੇ ਰੱਬ ਦਾ ਰੂਪ ਹੈ। ਇਹ ਮਨੁੱਖ ਹੀ ਖਾਲਸਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸੰਪੂਰਣ ਮਨੁੱਖ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ, ਜਿੱਥੇ ਖਾਲਸੇ ਨੇ ਵਿਕਾਰਾਂ 'ਤੇ ਕਾਬੂ ਪਾ ਕੇ ਸ਼ੁੱਧਤਾ ਹਾਸਲ ਕਰ ਲਈ, ਉੱਥੇ ਖਾਲਸੇ ਦਾ ਇੱਕ ਹੋਰ ਪੱਖ ਵੀ ਹੈ। ਖਾਲਸ ਦਾ ਫਾਰਸੀ ਵਿੱਚ ਅਰਥ ਹੈ, ਉਹ ਜ਼ਮੀਨ ਜਿਹੜੀ ਕਿ ਸਿੱਧੀ ਬਾਦਸ਼ਾਹ ਦੀ ਮਲਕੀਅਤ ਹੈ ਅਤੇ ਜਮ੍ਹਾਂਬੰਦੀ ਵਿੱਚ ਨਹੀਂ ਆਉਂਦੀ ਅਰਥਾਤ ਖਾਲਸੇ ਦਾ ਅਰਥ ਸਿਰਮੌਰ ਹੈ। ਸੋ ਖਾਲਸਾ ਸ਼ੁੱਧ ਅਤੇ ਸੰਪੂਰਨ ਮਨੁੱਖਾਂ ਦੀ ਸਿਰਮੌਰ ਫੌਜ ਹੈ , ਜੋ ਕਿ ਕਿਸੇ ਦੁਨਿਆਵੀਂ ਸ਼ਕਤੀ ਦੇ ਅਧੀਨ ਨਹੀਂ। ਖ਼ਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਉ ਖਾਲਸਾ ਪ੍ਰਮਾਤਮ ਕੀ ਮੌਜ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਮਨੁੱਖ ਨੂੰ ਸੰਪੂਰਣ ਮਨੁੱਖ ਬਣਾ ਕੇ ਨਿੱਜੀ ਪੱਧਰ 'ਤੇ ਸਿੱਖ ਇਨਕਲਾਬ ਦੇ ਮੰਤਵ ਨੂੰ ਪੂਰਾ ਕਰ ਦਿੱਤਾ, ਪ੍ਰੰਤੂ ਇਸ ਤੋਂ ਅਗਲਾ ਕਦਮ ਸੀ ਕਿ ਹੁਣ ਸਮਾਜਿਕ ਪ੍ਰੀਵਰਤਨ ਲਿਆਂਦਾ ਜਾਵੇ। ਇਸ ਮੰਤਵ ਲਈ ਸੱਤਾ 'ਤੇ ਕਬਜ਼ਾ ਕਰ ਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਜਾਵੇ। ਇਹ ਕਾਰਜ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜ਼ਿੰਮੇ ਲਾਇਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰਣ ਸੁਹਿਰਦਤਾ ਅਤੇ ਦ੍ਰਿੜਤਾ ਨਾਲ ਨਿਭਾਇਆ ਅਤੇ ਸਿੱਖ ਇਨਕਲਾਬ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਖਾਂ ਨੂੰ ਸੰਬੋਧਿਤ ਹੋ ਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਇਸ ਇਨਕਲਾਬ ਨੂੰ ਲਿਆਉਣ ਵਿੱਚ ਮੁੱਖ ਭੂਮਿਕਾ ਕਿਸਾਨੀ ਨੇ ਨਿਭਾਈ। ਇਸ ਲਈ ਇਸ ਨੂੰ ਕਿਸਾਨੀ ਦਾ ਇਨਕਲਾਬ ਕਹਿਣਾ ਅਤਿਕਥਨੀ ਨਹੀਂ ਹੋਵੇਗਾ। ਇਹ ਤੱਥ ਇਸ ਇਨਕਲਾਬ ਨੂੰ ਸੰਸਾਰ ਦੇ ਇਤਿਹਾਸ ਵਿੱਚ ਵਿਲੱਖਣ ਤੇ ਬੇਮਿਸਾਲ ਬਣਾ ਦਿੰਦਾ ਹੈ, ਕਿਉਂਕਿ ਸੰਸਾਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ ਸਫਲ ਕਿਸਾਨੀ ਦਾ ਇਨਕਲਾਬ ਲਿਆਂਦਾ ਗਿਆ। ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਦਲਿੱਤ ਨੂੰ ਤਖਤ 'ਤੇ ਬਿਠਾਇਆ ਗਿਆ। ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਪਹਿਲਾਂ ਗਵਰਨਰ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸੱਤਾ ਸੰਭਾਲਦਿਆਂ ਹੀ ਪਹਿਲਾਂ ਇਹ ਕੰਮ ਕੀਤਾ ਕਿ ਜਗੀਰਦਾਰੀ ਵਿਵਸਥਾ ਖਤਮ ਕਰ ਦਿੱਤੀ ਅਤੇ ਭੂ-ਸੁਧਾਰ ਕੀਤੇ ਅਤੇ ਜ਼ਮੀਨ ਵਾਹਕਾਂ ਵਿੱਚ ਵੰਡ ਦਿੱਤੀ। ਅਜਿਹੀ ਮਿਸਾਲ ਵੀ ਭਾਰਤ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਨਾਂ 'ਤੇ ਸਿੱਕਾ ਨਹੀਂ ਚਲਾਇਆ, ਸਗੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਂਅ 'ਤੇ ਸਿੱਕਾ ਚਲਾਇਆ।

ਸਿੱਖਾਂ ਵਿੱਚ ਜਗੀਰੂ ਤੇ ਬ੍ਰਾਹਮਣਵਾਦੀ ਰੁਚੀਆਂ ਰੱਖਣ ਵਾਲੇ ਅੰਸ਼ਾਂ ਨੇ ਮੁੱਢ ਤੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਇਸ ਜਾਤੀਵਾਦੀ ਅਤੇ ਸ਼ਰੇਸ਼ਠਵਾਦੀ ਵਰਗ ਨੇ ਪਹਿਲਾਂ ਬਾਬਾ ਬਾਜ਼ ਸਿੰਘ ਨੂੰ ਕਤਲ ਕਰ ਦਿੱਤਾ ਅਤੇ ਫਿਰ ਮੁਗ਼ਲ ਸਲਤਨਤ ਨਾਲ ਮਿਲ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਆਪਣੇ ਆਪ ਨੂੰ ਤੱਤ ਖਾਲਸਾ ਕਹਿਲਾਉਣ ਵਾਲੇ ਖਾਲਸਾਈ ਸਿਧਾਂਤਾਂ ਤੋਂ ਬਿਲਕੁਲ ਉਲਟ ਕੰਮ ਕਰਦੇ ਰਹੇ। ਬਾਬਾ ਬੰਦਾ ਸਿੰਘ ਨੂੰ ਹਰਾਉਣ ਤੇ ਫੜ੍ਹਵਾਉਣ ਵਿੱਚ ਪੂਰੀ ਤਰ੍ਹਾਂ ਮੁਗ਼ਲ ਸਲਤਨਤ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਆਖ਼ਰੀ ਦਮ ਤੱਕ ਖਾਲਸਾਈ ਸਿਧਾਂਤਾਂ 'ਤੇ ਪਹਿਰਾ ਦਿੱਤਾ ਅਤੇ ਉਹ ਕਦੇ ਨਹੀਂ ਡੋਲੇ। ਉਨ੍ਹਾਂ ਨੂੰ ਦਿੱਲੀ ਵਿੱਚ ਅਤਿ ਭਿਆਨਕ ਤਸੀਹੇ ਦਿੱਤੇ ਗਏ। ਉਨ੍ਹਾਂ ਦਾ ਮਾਸ ਜ਼ਮੂਰਾਂ ਨਾਲ ਨੋਚਿਆ ਗਿਆ। ਉਨ੍ਹਾਂ ਦੇ ਛੋਟੇ ਜਿਹੇ ਬੱਚੇ ਨੂੰ ਉਨ੍ਹਾਂ ਦੇ ਸਾਹਮਣੇ ਕਤਲ ਕਰ ਕੇ ਉਸ ਦਾ ਮਾਸ ਉਨ੍ਹਾਂ ਦੇ ਮੂੰਹ ਵਿੱਚ ਪਾਇਆ ਗਿਆ ਪ੍ਰੰਤੂ ਫਿਰ ਵੀ ਉਹ ਅਡੋਲ ਰਹੇ। ਉਨ੍ਹਾਂ ਨੂੰ ਤਸੀਹੇ ਦਿੱਤੇ ਜਾਣ ਦਾ ਭਿਆਨਕ ਦ੍ਰਿਸ਼ ਦਿੱਲੀ ਵਿੱਚ ਉਸ ਸਮੇਂ ਮੌਜੂਦ ਯੂਰਪੀਨਾਂ ਨੇ ਆਪਣੇ ਅੱਖੀਂ ਦੇਖਿਆ ਅਤੇ ਉਨ੍ਹਾਂ ਨੇ ਆਪਣੀ ਲਿਖਤਾਂ ਵਿੱਚ ਉਸ ਨੂੰ ਬਿਆਨ ਕੀਤਾ।

ਉਹ ਲਿਖਦੇ ਹਨ ਕਿ ਜਦੋਂ ਉਨ੍ਹਾਂ ਨੂੰ ਇਹ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਉਹ ਬਿਲਕੁਲ ਅਡੋਲ ਰਹੇ ਤੇ ਉਨ੍ਹਾਂ ਦੇ ਚਿਹਰੇ ਦੇ ਭਾਵਾਂ ਵਿੱਚ ਕੋਈ ਫ਼ਰਕ ਨਹੀਂ ਪਿਆ। ਅਜਿਹੇ ਸਿਰੜ ਤੇ ਦ੍ਰਿੜਤਾ ਦੀ ਕੋਈ ਮਿਸਾਲ ਨਹੀਂ ਮਿਲਦੀ। ਉਹ ਆਖਰੀ ਦਮ ਤੱਕ ਗੁਰੂ ਦੇ ਦਰਸਾਏ ਮਾਰਗ 'ਤੇ ਚਲਦੇ ਰਹੇ।

ਜੇ ਅਸੀਂ ਸਹੀ ਢੰਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਮਨਾਉਣਾ ਚਾਹੁੰਦੇ ਹਾਂ ਅਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਅਰਪਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਿੱਖ ਇਨਕਲਾਬ ਦੀ ਮੂਲ ਭਾਵਨਾ (ਸਪਿਰਟ) ਬਹਾਲ ਕਰਨੀ ਪਏਗੀ। ਸਾਨੂੰ ਸਿੱਖ ਸਿਧਾਂਤ ਅਤੇ ਅਮਲ ਵਿੱਚ ਪਾੜ੍ਹਾ ਘਟਾਉਣਾ ਪਏਗਾ। ਸਾਨੂੰ ਸਿੱਖੀ ਨੂੰ ਜਗੀਰੂ ਅਤੇ ਨਵਬ੍ਰਾਹਮਣਵਾਦੀ ਰੁਚੀਆਂ ਤੋਂ ਮੁਕਤ ਕਰਨਾ ਪਏਗਾ। ਸਾਨੂੰ ਤੱਤ ਖਾਲਸੇ ਦੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਅਜੋਕੀ ਸਿੱਖ ਲੀਡਰਸ਼ਿਪ ਦਾ ਨਿਰਪੱਖ ਤੇ ਡੂੰਘਾ ਇਤਿਹਾਸਕ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ ਪਏਗਾ। ਮੈਨੂੰ ਲੱਗਦਾ ਹੈ ਕਿ ਅਸੀਂ ਕੁੱਝ ਸਿੱਖ ਇਤਿਹਾਸਿਕ ਸਖ਼ਸ਼ੀਅਤਾਂ ਨੂੰ ਉਨ੍ਹਾਂ ਦੀ ਇਤਿਹਾਸਿਕ ਦੇਣ ਦੇ ਅਨੁਕੂਲ ਉਨ੍ਹਾਂ ਦਾ ਇਤਿਹਾਸਿਕ ਸਥਾਨ ਸਥਾਪਤ ਨਹੀਂ ਕਰ ਸਕੇ। ਦੂਜੇ ਅਰਥਾਂ ਵਿੱਚ ਇਨ੍ਹਾਂ ਦੀ ਇਤਿਹਾਸਕ ਦੇਣ ਇੰਨੀ ਮਹਾਨ ਸੀ ਪ੍ਰੰਤੂ ਅਸੀਂ ਉਨ੍ਹਾਂ ਨੂੰ ਇਨਾਂ ਸਤਿਕਾਰ ਨਹੀਂ ਦੇ ਸਕੇ, ਜਿਸ ਦੇ ਕਿ ਉਹ ਹੱਕਦਾਰ ਹਨ। ਇਨ੍ਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਸ.ਜੱਸਾ ਸਿੰਘ ਆਹਲੂਵਾਲੀਆ, ਮਹਾਂਰਾਣੀ ਜ਼ਿੰਦਾ ਅਤੇ ਮਹਾਰਾਜਾ ਦਲੀਪ ਸਿੰਘ।

ਇਨ੍ਹਾਂ ਸਖ਼ਸ਼ੀਅਤਾਂ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਣੀ ਜ਼ਿੰਦਾ ਅਤੇ ਮਹਾਰਾਜਾ ਦਲੀਪ ਸਿੰਘ ਬਾਰੇ ਕੁੱਝ ਨਾਂਹ-ਪੱਖੀ ਇਤਿਹਾਸਿਕ ਮੁਲਾਂਕਣ ਵੀ ਹੋਇਆ ਹੈ, ਜਿਸ ਵਿੱਚ ਕੁੱਝ ਸਿੱਖ ਇਤਿਹਾਸਕਾਰ ਵੀ ਸ਼ਾਮਿਲ ਹਨ। ਜਿਵੇਂ ਕਿ ਰਤਨ ਸਿੰਘ ਭੰਗੂ ਨੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਕੀਤਾ ਹੈ। ਇਸ ਤੱਥ ਦਾ ਮੁੱਖ ਕਾਰਨ ਮੁਗ਼ਲ ਸਰਕਾਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਪ੍ਰਾਪੇਗੰਡਾ ਹੈ। ਰਤਨ ਸਿੰਘ ਭੰਗੂ ਤੱਤ ਖ਼ਾਲਸੇ ਦੇ ਪੱਖਪਾਤ ਤੋਂ ਪ੍ਰਭਾਵਿਤ ਸੀ। ਸਾਨੂੰ ਇਨ੍ਹਾਂ ਮਹਾਨ ਸਖ਼ਸ਼ੀਅਤਾਂ ਦੀ ਬੇਮਿਸਾਲ ਇਤਿਹਾਸਿਕ ਦੇਣ ਨੂੰ ਸਵਿਕਾਰਨਾ ਅਤੇ ਉਭਾਰਨਾ ਪਵੇਗਾ। ਮੇਰੀ ਸੀਮਤ ਸੋਚ ਅਨੁਸਾਰ ਗੁਰੂਆਂ ਤੋਂ ਬਾਅਦ ਸਭ ਤੋਂ ਮਹਾਨ ਦੇਣ ਬਾਬਾ ਬੰਦਾ ਸਿੰਘ ਬਹਾਦਰ ਦੀ ਹੈ। ਉਨ੍ਹਾਂ ਤੋਂ ਬਾਅਦ ਨਵਾਬ ਕਪੂਰ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਦੇਣ ਸਭ ਤੋਂ ਮਹਾਨ ਹੈ ਅਤੇ ਉਨ੍ਹਾਂ ਤੋਂ ਬਾਅਦ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੀ ਇਤਿਹਾਸਿਕ ਦੇਣ ਸਭ ਤੋਂ ਮਹਾਨ ਹੈ। ਨਿਰਸੰਦੇਹ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਇਨਕਲਾਬ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪੱਖਾਂ ਨੂੰ ਸੰਪੂਰਣ ਕੀਤਾ ਹੈ।

ਆਸਤਿਕ ਤੇ ਨਾਸਤਿਕਤਾ ਤੋਂ ਪਰ੍ਹੇ

ਸੁਰਿੰਦਰ ਦੱਤ ਸ਼ਰਮਾ

ਰੱਬ ਨੂੰ ਮੰਨਣ ਵਾਲਿਆਂ ਵਿੱਚ ਆਪਸੀ ਤੋਂ ਇਲਾਵਾ ਨਾਸਤਿਕ ਲੋਕਾਂ ਨਾਲ ਵੀ ਲੜਾਈ ਜਾਰੀ ਹੈ। ਲੱਗਭੱਗ ਸਾਰੇ ਧਰਮਾਂ ਦੇ ਲੋਕ ਰੱਬ ਨੂੰ ਮੰਨਦੇ ਹਨ। ਉਹ ਰੱਬ ਨੂੰ ਇੱਕ ਮੰਨਦੇ ਹਨ ਪਰ ਫਿਰ ਵੀ ਉਹ ਰੱਬ ਦੇ ਨਾਮ 'ਤੇ ਹੀ ਆਪਸ ਵਿੱਚ ਲੜਦੇ ਰਹਿੰਦੇ ਹਨ। ਅੱਜ-ਕੱਲ੍ਹ ਇਹਨਾਂ ਧਾਰਮਿਕ ਰੱਬੀ ਲੜਾਈਆਂ ਵਿੱਚ ਬੇ-ਇੰਤਹਾ ਵਾਧਾ ਹੋ ਗਿਆ ਹੈ।

ਨਾਸਤਿਕ ਲੋਕ ਰੱਬ ਦੀ ਹੋਂਦ ਤੋਂ ਹੀ ਮੁਨਕਰ ਹਨ। ਨਾਸਤਿਕ ਵੀ ਦੋ ਤਰ੍ਹਾਂ ਦੇ ਹੁੰਦੇ ਹਨ। ਤਰਕਹੀਣ ਤੇ ਤਰਕਸ਼ੀਲ। ਤਰਕਹੀਣ ਜ਼ਿੰਦਗੀ ਦੇ ਦੁੱਖਾਂ ਤੋਂ ਸਤਾਏ ਹੋਏ ਜਾਂ ਪੈਸੇ ਦੇ ਨਸ਼ੇ ਵਿੱਚ ਚੂਰ ਲੋਕਾਂ ਨੂੰ ਖ਼ਰੀਦਣ ਦਾ ਖਵਾਬ ਦੇਖਣ ਵਾਲੇ ਹੋ ਸਕਦੇ ਹਨ। ਇਹੋ ਜਿਹੀ ਹਾਲਤ ਵਿੱਚ ਇਹ ਲੋਕ ਰੱਬ ਨੂੰ ਟੱਬ ਸਮਝਦੇ ਹਨ। ਤਰਕਸ਼ੀਲ ਲੋਕ ਹਰ ਗੱਲ ਨੂੰ ਤਰਕ ਦੀ ਕਸੌਟੀ 'ਤੇ ਪਰਖਦੇ ਹਨ। ਕਿਉਂਕਿ ਉਹਨਾਂ ਨੂੰ ਕੋਈ ਰੱਬ ਪ੍ਰਤੱਖ ਤੌਰ 'ਤੇ ਨਹੀਂ ਦਿਖਾ ਸਕਿਆ, ਇਸ ਕਰਕੇ ਉਹ ਰੱਬ ਨੂੰ ਨਹੀਂ ਮੰਨਦੇ।

ਹੁਣ ਇਹ ਸਵਾਲ ਪੈਦਾ ਹੋਵੇਗਾ ਕਿ ਫੇਰ ਵੀ ਆਸਤਿਕ ਜਾਂ ਨਾਸਤਿਕ ਦੋ ਹੀ ਵਰਗ ਹਨ ਫਿਰ ਇਹ ਆਸਤਿਕਤਾ ਤੇ ਨਾਸਤਿਕਤਾ ਤੋਂ ਪਰ੍ਹੇ ਕੀ ?

ਇਹ ਵਿਚਾਰ ਮੈਨੂੰ ਸਾਡੇ ਵਿੱਚ ਰੱਬ ਦੀ ਹੋਂਦ ਜਾਂ ਨਹੀਂ ਦੇ ਅਧਾਰ 'ਤੇ ਕਰਵਾਈ ਗਈ ਬਹਿਸ ਦੇ ਕਾਰਨ ਲਿਖਣੇ ਪਏ। ਸਾਡੇ ਸਕੂਲ ਦੇ ਸਾਰੇ ਅਧਿਆਪਕਾਂ ਨੇ ਇਸ ਬਹਿਸ ਵਿੱਚ ਭਾਗ ਲਿਆ। ਰੱਬ ਨੂੰ ਮੰਨਣ ਵਾਲੇ ਜਾਂ ਤਰਕਸ਼ੀਲ ਪਰ ਖਿਆਲ ਰੱਖਣਾ ਮੈਂ ਇੱਥੇ ਨਾਸਤਿਕ ਦੀ ਜਗ੍ਹਾ ਤਰਕਸ਼ੀਲ ਸ਼ਬਦ ਵਰਤਿਆ ਜਾਂਦਾ ਹੈ ਪਰ ਮੈਂ ਇਸ ਬਹਿਸ ਵਿੱਚ ਕਿਸੇ ਪਾਸੇ ਤੋਂ ਹਿੱਸਾ ਨਾ ਲਿਆ। ਕਈ ਅਧਿਆਪਕ ਤੇ ਛੇਵੀਂ ਅਤੇ ਸੱਤਵੀਂ ਕਲਾਸ ਦੇ ਬੱਚੇ ਮੈਨੂੰ ਇਸ ਬਾਰੇ ਪੁੱਛ ਰਹੇ ਸਨ। ਉਹ ਵਾਰ-ਵਾਰ ਪੁੱਛਦੇ,"ਸਰ ਕੀ ਤੁਸੀਂ ਰੱਬ ਨੂੰ ਮੰਨਦੇ ਹੋ ?" ਪਰ ਮੈਂ ਉਸ ਸਮੇਂ ਕੋਈ ਉੱਤਰ ਨਾ ਦੇ ਸਕਿਆ। ਇਸ ਤਰ੍ਹਾਂ ਕਈ ਟੀਚਰ ਤੇ ਬੱਚੇ ਮੈਨੂੰ ਨਾਸਤਿਕ ਸਮਝਣ ਲੱਗੇ। ਮੈਨੂੰ ਉਹਨਾਂ ਦੀ ਬਹਿਸ ਦੇਖ ਕੇ ਹਾਸੀ ਆ ਰਹੀ ਸੀ ਕਿ ਕਿਸ ਤਰ੍ਹਾਂ ਉਹ ਅਜਿਹੀਆਂ ਗੱਲਾਂ ਤੇ ਟਾਈਮ ਖ਼ਰਾਬ ਕਰ ਰਹੇ ਸਨ। ਉਹ ਦੋਵੇਂ ਬਿਨ੍ਹਾਂ ਬੇ-ਸਿਰ ਪੈਰ ਦੀਆਂ ਗੱਲਾਂ ਰਾਹੀਂ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਸੋ ਉਹਨਾਂ ਦੇ ਪ੍ਰਸ਼ਨ ਦਾ ਉੱਤਰ ਦੇਣ ਲਈ ਮੈਂ ਇਹ ਵਿਚਾਰ ਲਿਖ ਰਿਹਾ ਹਾਂ। ਇਹ ਵਿਚਾਰ ਵੀ ਮੈਂ ਉਸ ਡਿਬੇਟ ਦੇ ਕਾਰਨ ਹੀ ਮੈਂ ਇਹ ਲਿਖ ਰਿਹਾ ਹਾਂ ਇਹ ਵਿਚਾਰ ਵੀ ਮੈਂ ਉਸ ਡਿਬੇਟ ਅਤੇ ਆਪਣੇ ਆਲੇ-ਦੁਆਲੇ ਤੋਂ ਹੀ ਗ੍ਰਹਿਣ ਕੀਤੇ ਹਨ।

ਮੇਰੇ ਖਿਆਲ ਅਨੁਸਾਰ ਇੱਕ ਗੱਲ ਸਾਫ਼ ਹੈ। ਮੈਂ ਰੱਬ ਨੂੰ ਮੰਨਾ ਜਾ ਨਾ ਮੰਨਾ ਧਰਤੀ ਤੇ ਕੋਈ ਫ਼ਰਕ ਨਹੀਂ ਪੈਣਾ। ਸੂਰਜ ਫੇਰ ਵੀ ਪੂਰਬ ਵਿੱਚ ਚੜ੍ਹ ਕੇ ਪੱਛਮ ਵਿੱਚ ਛਿਪਣਾ ਹੈ। ਮੈਨੂੰ ਕੰਮ ਕਰਨ ਲਈ ਸਕੂਲ ਫੇਰ ਵੀ ਆਉਣਾ ਪਵੇਗਾ। ਇੱਕ ਮਜ਼ਦੂਰ ਨੂੰ ਦਿਹਾੜੀ ਕਰਨੀ ਹੀ ਪਵੇਗੀ। ਜੇਕਰ ਮੈਂ ਰੱਬ ਨੂੰ ਮੰਨਣ ਜਾ ਨਾ ਮੰਨਣ ਵਾਲੀਆਂ ਗੱਲਾਂ ਵਿੱਚ ਉਲਝਾਂਗਾ ਤਾਂ ਸਿਵਾਏ ਆਪਣਾ ਟਾਈਮ ਖ਼ਰਾਬ ਕਰਨ ਦੇ ਕੁੱਝ ਪ੍ਰਾਪਤ ਨਹੀਂ ਕਰਾਂਗਾ।

ਮੇਰੇ ਵਿਚਾਰ ਅਨੁਸਾਰ ਸਾਨੂੰ ਸਾਰਿਆਂ ਨੂੰ ਪਹਿਲਾਂ ਇਨਸਾਨ ਬਣਨਾ ਚਾਹੀਦਾ ਹੈ। ਸਾਡੇ ਵਿੱਚ ਕੁੱਝ ਗੁਣ ਜਿਵੇਂ ਦਇਆ, ਹਮਦਰਦੀ, ਪ੍ਰੇਮ, ਇਮਾਨਦਾਰੀ, ਫਰਜ਼ ਪ੍ਰਤੀ ਬਚਨਵੱਧਤਾ, ਮਿਲਵਰਤਨ, ਸਚਾਈ ਹੋਏ ਚਾਹੀਦੇ ਹਨ। ਜੇਕਰ ਸਾਡੇ ਵਿੱਚ ਇਹ ਗੁਣ ਹੋਣ ਤਾਂ ਕੋਈ ਫ਼ਰਕ ਨਹੀਂ ਕਿ ਆਸਤਿਕ ਹਾਂ ਜਾਂ ਨਾਸਤਿਕ। ਫੇਰ ਸਾਡੇ ਤੋਂ ਮਾਨਵਤਾ ਨੂੰ ਕੋਈ ਖ਼ਤਰਾ ਨਹੀਂ।

ਇਸ ਤੋਂ ਇਲਾਵਾ ਇੱਕ ਹੋਰ ਗੱਲ ਵਿਚਾਰਨ ਯੋਗ ਹੈ ਕਿ ਆਸਤਿਕ ਤੇ ਨਾਸਤਿਕ ਦੋਵਾਂ ਤਰ੍ਹਾਂ ਦੇ ਲੋਕ ਪਾਖੰਡੀ ਹੋ ਸਕਦੇ ਹਨ। ਉਹਨਾਂ ਦੇ ਖਾਣ ਦੇ ਹੋਰ ਤੇ ਦਿਖਾਉਣ ਦੇ ਦੰਦ ਹੋਰ ਹੋ ਸਕਦੇ ਹਨ। ਅਸੀਂ ਆਪਣੇ ਸਮਾਜ ਵਿੱਚ ਇਹਨਾਂ ਦੋਵਾਂ ਤਰ੍ਹਾਂ ਦੇ ਪਖੰਡੀ ਲੋਕਾਂ ਨੂੰ ਅਸਾਨੀ ਨਾਲ ਪਛਾਣ ਸਕਦੇ ਹਾਂ। ਪੈਸੇ ਪਿੱਛੇ ਵੱਡੇ-ਵੱਡੇ ਆਪਣਾ ਈਮਾਨ ਛੱਡ ਸਕਦੇ ਹਨ। ਆਪਣੀ ਸਾਰੀ ਜ਼ਿੰਦਗੀ ਦੌਰਾਨ ਚਾਹੇ ਮੈਂ ਨਾਸਤਿਕ ਰਹਾਂ ਤੇ ਚਾਹੇ ਆਸਤਿਕ ਮੈਂ ਹਮੇਸ਼ਾਂ ਇਨਸਾਨ ਰਹਾਂਗਾ। ਮੇਰਾ ਹਮੇਸ਼ਾਂ ਇਹੀ ਧਿਆਨ ਰਹਿੰਦਾ ਹੈ ਕਿ ਮੈਂ ਉੱਪਰ ਦੱਸੇ ਗੁਣ ਹਰ ਹਾਲਤ ਵਿੱਚ ਧਾਰਨ ਰੱਖਾ। ਕਿਉਂਕਿ ਇਹ ਗੁਣ ਹੀ ਰੱਬ ਹੁੰਦੇ ਹਨ। ਜਦੋਂ ਕੋਈ ਮੁਸੀਬਤ ਵੇਲੇ ਸਾਡੀ ਸਹਾਇਤਾ ਕਰ ਦੇਵੇ ਤਾਂ ਅਸੀਂ ਕਹਿੰਦੇ ਹਾਂ ਕਿ ਉਹ ਵਿਅਕਤੀ ਸਾਡੇ ਲਈ ਰੱਬ ਬਣ ਕੇ ਬਹੁੜਿਆ ਹੈ। ਇਸ ਕਰਕੇ ਉਹ ਵਿਅਕਤਾ ਰੱਬ ਨਹੀਂ ਉਸ ਵਿਚਲੀ ਹਮਦਰਦੀ, ਤਰਸ ਹੀ ਰੱਬ ਹੈ। ਹੋ ਸਕਦਾ ਹੈ ਕਿ ਕਿਸੇ ਕਾਰਨ ਉਸ ਵਿਅਕਤੀ ਨਾਲ ਸਾਡੀ ਦੁਸ਼ਮਣੀ ਹੋ ਜਾਵੇ। ਪਰ ਉਸ ਦਾ ਗੁਣ ਸਾਡੇ ਹਮੇਸ਼ਾਂ ਯਾਦ ਰਹੇਗਾ। ਮੇਰੇ ਲਈ ਤਾਂ ਆਸਤਿਕ ਤੇ ਨਾਸਤਿਕ ਦੋਵੇਂ ਹੀ ਬਰਾਬਰ ਹਨ।

ਇਹਨਾਂ ਗੁਣਾ ਤੋਂ ਇਲਾਵਾ ਆਸਤਿਕਤਾ ਤੇ ਨਾਸਤਿਕਤਾ ਦੋਵੇਂ ਖ਼ਤਰਨਾਕ ਹਨ। ਆਸਤਿਕ ਲੋਕ ਭੋਲੇ-ਭਾਲੇ ਅਤੇ ਮਾਸੂਮ ਪਸ਼ੂਆਂ ਦੀ ਆਪਣੇ ਰੱਬ ਨੂੰ ਖ਼ੁਸ਼ ਕਰਨ ਲਈ ਬਲੀ ਦੇ ਦਿੰਦੇ ਹਨ। ਉਹਨਾਂ ਵਿੱਚ ਦੂਸਰੇ ਧਰਮ ਵਾਲਿਆਂ ਪ੍ਰਤੀ ਈਰਖਾ ਹੁੰਦੀ ਹੈ ਤੇ ਧਰਮ ਦੇ ਨਾਮ 'ਤੇ ਕਈ ਤਾਂ ਵੱਧ ਤੋਂ ਵੱਧ ਪੈਸਾ ਕਮਾਉਣਾ ਆਪਣਾ ਪੇਸ਼ਾ ਬਣਾ ਲੈਂਦੇ ਹਨ। ਧਾਰਮਿਕ ਕਰਮ-ਕਾਂਡ ਦਾ ਸਹਾਰਾ ਲੈ ਕੇ ਉਹ ਜੀਵਨ ਦੇ ਫ਼ਰਜਾਂ ਤੋਂ ਪਿੱਛਾ ਛੁੜਵਾਉਣਾ ਚਾਹੁੰਦੇ ਹਨ।

ਨਾਸਤਿਕ ਲੋਕਾਂ ਵਿੱਚ ਕਿਸੇ ਰੱਬ ਜਾਂ ਸਰਬ-ਸ਼ਕਤੀਮਾਨ ਦਾ ਡਰ ਭੈਅ ਨਾ ਹੋਣ ਕਰਕੇ ਉਹ ਵੀ ਭੋਲੇ-ਭਾਲੇ, ਮਾਸੂਮ ਪਸ਼ੂਆਂ ਦਾ ਮਾਸ ਖਾਣ ਨੂੰ ਉੱਤਮ ਭੋਜਨ ਮੰਨਦੇ ਹਨ। ਹਰ ਗੱਲ ਨੂੰ ਤਰਕ ਦੀ ਕਸੌਟੀ 'ਤੇ ਪਰਖਣ ਦੇ ਕਾਰਨ ਕਈ ਵੀਰ ਦਇਆ, ਹਮਦਰਦੀ ਦਾ ਮਨਫੀ ਹੋ ਜਾਣਾ ਸੁਭਾਵਿਕ ਹੈ।

ਇਸ ਤੋਂ ਇਲਾਵਾ ਇੱਕ ਹੋਰ ਗੱਲ ਵਿਚਾਰਨ ਯੋਗ ਹੈ ਕਿ ਆਸਤਿਕ ਤੇ ਨਾਸਤਿਕ ਦੋਵਾਂ ਤਰ੍ਹਾਂ ਦੇ ਲੋਕ ਪਾਖੰਡੀ ਹੋ ਸਕਦੇ ਹਨ। ਉਹਨਾਂ ਦੇ ਖਾਣ ਦੇ ਹੋਰ ਤੇ ਦਿਖਾਉਣ ਦੇ ਦੰਦ ਹੋਰ ਹੋ ਸਕਦੇ ਹਨ। ਅਸੀਂ ਆਪਣੇ ਸਮਾਜ ਵਿੱਚ ਇਹਨਾਂ ਦੋਵਾਂ ਤਰ੍ਹਾਂ ਦੇ ਪਖੰਡੀ ਲੋਕਾਂ ਨੂੰ ਅਸਾਨੀ ਨਾਲ ਪਛਾਣ ਸਕਦੇ ਹਾਂ। ਪੈਸੇ ਪਿੱਛੇ ਵੱਡੇ-ਵੱਡੇ ਆਪਣਾ ਈਮਾਨ ਛੱਡ ਸਕਦੇ ਹਨ।

ਆਪਣੀ ਸਾਰੀ ਜ਼ਿੰਦਗੀ ਦੌਰਾਨ ਚਾਹੇ ਮੈਂ ਨਾਸਤਿਕ ਰਹਾਂ ਤੇ ਚਾਹੇ ਆਸਤਿਕ ਮੈਂ ਹਮੇਸ਼ਾਂ ਇਨਸਾਨ ਰਹਾਂਗਾ। ਮੇਰਾ ਹਮੇਸ਼ਾਂ ਇਹੀ ਧਿਆਨ ਰਹਿੰਦਾ ਹੈ ਕਿ ਮੈਂ ਉੱਪਰ ਦੱਸੇ ਗੁਣ ਹਰ ਹਾਲਤ ਵਿੱਚ ਧਾਰਨ ਰੱਖਾ। ਕਿਉਂਕਿ ਇਹ ਗੁਣ ਹੀ ਰੱਬ ਹੁੰਦੇ ਹਨ। ਜਦੋਂ ਕੋਈ ਮੁਸੀਬਤ ਵੇਲੇ ਸਾਡੀ ਸਹਾਇਤਾ ਕਰ ਦੇਵੇ ਤਾਂ ਅਸੀਂ ਕਹਿੰਦੇ ਹਾਂ ਕਿ ਉਹ ਵਿਅਕਤੀ ਸਾਡੇ ਲਈ ਰੱਬ ਬਣ ਕੇ ਬਹੁੜਿਆ ਹੈ। ਇਸ ਕਰਕੇ ਉਹ ਵਿਅਕਤਾ ਰੱਬ ਨਹੀਂ ਉਸ ਵਿਚਲੀ ਹਮਦਰਦੀ, ਤਰਸ ਹੀ ਰੱਬ ਹੈ। ਹੋ ਸਕਦਾ ਹੈ ਕਿ ਕਿਸੇ ਕਾਰਨ ਉਸ ਵਿਅਕਤੀ ਨਾਲ ਸਾਡੀ ਦੁਸ਼ਮਣੀ ਹੋ ਜਾਵੇ। ਪਰ ਉਸ ਦਾ ਗੁਣ ਸਾਡੇ ਹਮੇਸ਼ਾਂ ਯਾਦ ਰਹੇਗਾ। ਮੇਰੇ ਲਈ ਤਾਂ ਆਸਤਿਕ ਤੇ ਨਾਸਤਿਕ ਦੋਵੇਂ ਹੀ ਬਰਾਬਰ ਹਨ।

ਦਿੱਲੀ ਕਾਰਪੋਰੇਸ਼ਨ ਦੀ ਚਾਹਤ 'ਚ ਮੁੱਖ ਮੰਤਰੀ ਫਿਰ ਸਰਗਰਮ

ਦਿੱਲੀ ਦੇ ਝਰੋਖੇ ਚੋਂ

ਡਾ. ਦਰਸ਼ਨ ਸਿੰਘ ਹਰਵਿੰਦਰ
ਮੋਬਾਇਲ: 9810073999

ਦਿੱਲੀ ਮਿਉਂਸਪਲ ਕਾਰਪੋਰੇਸ਼ਨ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਲਈ ਜ਼ਿਆਦਾ ਅਧਿਕਾਰਾਂ ਦੀ ਮੰਗ ਕਰ ਰਹੀ ਦਿੱਲੀ ਸਰਕਾਰ ਨੂੰ ਕੇਂਦਰ ਵੱਲੋਂ ਝਟਕਾ ਦਿੰਦਿਆਂ ਇਹ ਸਪੱਸ਼ਟ ਕਰ ਦੇਣ ਦੇ ਬਾਵਜੂਦ ਕਿ ਉਹ ਕਾਰਪੋਰੇਸ਼ਨ ਬਾਰੇ ਜ਼ਿਆਦਾ ਅਧਿਕਾਰ ਦੇਣ ਨੂੰ ਰਾਜੀ ਨਹੀਂ ਹੈ, ਕਾਰਪੋਰੇਸ਼ਨ ਨੂੰ ਮੁਕੰਮਲ ਤੌਰ 'ਤੇ ਆਪਣੇ ਅਧੀਨ ਲਿਆਉਣ ਲਈ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਮੁੜ ਸਰਗਰਮ ਹੈ।

ਕਾਰਪੋਰੇਸ਼ਨ ਦੀ ਚਾਹਤ ਵਿਚ ਸ਼ੀਲਾ ਸਰਕਾਰ ਨੇ ਨਵਾਂ ਪੈਂਤੜਾ ਅਪਨਾਉਂਦਿਆਂ ਇਸ ਮਕਸਦ ਲਈ ਹੁਣ ਖੁਦ ਹੀ ਨਵੇਂ ਕਾਨੂੰਨ ਦਾ ਡਰਾਫਟ ਬਣਾਉਣ ਦਾ ਫੈਸਲਾ ਕੀਤਾ ਹੈ। ਸਰਕਾਰ ਦਾ ਮੰਨਣਾ ਹੈ ਕਿ ਸੰਵਿਧਾਨ ਦੀ ਰਾਜ ਸੂਚੀ ਦੇ ਤਹਿਤ ਉਸ ਨੂੰ ਇਹ ਅਧਿਕਾਰ ਹੈ ਕਿ ਉਹ ਕਾਰਪੋਰੇਸ਼ਨ ਦੇ ਲਈ ਕਾਨੂੰਨ ਬਣਾ ਸਕੇ। ਇਹਦੇ ਤਹਿਤ ਕਾਰਪੋਰੇਸ਼ਨ ਨੂੰ 'ਟੇਕ ਓਵਰ' ਕਰਨ ਦੀ ਕਵਾਇਦ ਤੇਜ਼ ਕਰਦਿਆਂ ਮੁੱਖ ਮੰਤਰੀ ਵਲੋਂ ਦਿੱਲੀ ਦੇ ਮੁੱਖ ਸਕੱਤਰ ਦੀ ਅਗਵਾਈ ਵਿਚ ਇਕ ਕਮੇਟੀ ਦਾ ਗਠਨ ਹੋ ਚੁਕਿਆ ਹੈ। ਇਸ ਕਮੇਟੀ ਦੀ ਰਿਪੋਰਟ ਤੋਂ ਬਾਅਦ ਦਿੱਲੀ ਸਰਕਾਰ ਨਵਾਂ ਐਕਟ ਬਣਾ ਕੇ ਉਹਨੂੰ ਕੇਂਦਰ ਕੋਲ ਭੇਜੇਗੀ ਤੇ ਜੇ ਉਹਨੂੰ ਕੇਂਦਰ ਵੱਲੋਂ ਮੰਜੂਰੀ ਮਿਲ ਗਈ ਤਾਂ ਉਹ ਮੌਜੂਦਾ ਡੀ ਐਮ ਸੀ ਐਕਟ ਦੀ ਥਾਂ ਲੈ ਲਵੇਗਾ।

ਮੁੱਖ ਮੰਤਰੀ ਖੇਮੇ ਦਾ ਤਰਕ ਹੈ ਕਿ ਐਮ ਸੀ ਡੀ ਐਕਟ ਜੋ 1957 ਵਿਚ ਬਣਿਆ ਸੀ ਤੋਂ ਅੱਜ ਤਕ ਪੰਜਾਹ ਸਾਲ ਤੋਂ ਵੀ ਜ਼ਿਆਦਾ ਸਮਾਂ ਬੀਤ ਜਾਣ ਨਾਲ ਹਾਲਾਤ ਕਾਫੀ ਬਦਲ ਚੁਕੇ ਹਨ। ਸੰਨ 1957 ਵਿਚ ਦਿੱਲੀ ਦੇ ਹਾਲਾਤ ਕੁਝ ਹੋਰ ਸਨ ਤੇ ਮੌਜੂਦਾ ਐਕਟ ਉਸੇ ਦੇ ਆਧਾਰ 'ਤੇ ਬਣਿਆ ਸੀ, ਇਸ ਲਈ ਇਹਦੇ ਵਿਚ ਸੋਧ ਕਰਨੀ ਬਹੁਤ ਜ਼ਰੂਰੀ ਹੈ। ਕਾਰਪੋਰੇਸ਼ਨ ਐਕਟ ਵਿਚ ਕਈ ਖਾਮੀਆਂ ਵੀ ਹਨ ਜਿਨ੍ਹਾਂ ਨੂੰ ਦੂਰ ਕੀਤਾ ਜਾਣਾ ਸਮੇਂ ਦੀ ਲੋੜ ਹੈ। ਇਸ ਐਕਟ ਦੀ ਵਜਾਹ ਨਾਲ ਕਈ ਵਾਰ ਤਾਂ ਵਿਰੋਧਾਭਾਸੀ ਫੈਸਲੇ ਤੱਕ ਹੋ ਜਾਂਦੇ ਹਨ।

ਦਿੱਲੀ ਸਰਕਾਰ ਦਾ ਮੰਨਣਾ ਹੈ ਕਿ ਸੰਵਿਧਾਨ ਦੇ ਤਹਿਤ ਉਸਨੂੰ ਇਹ ਅਧਿਕਾਰ ਹੈ ਕਿ ਉਹ ਮਿਉਂਸਪਲ ਕਾਰਪੋਰੇਸ਼ਨ ਲਈ ਨਿਯਮ ਬਣਾ ਸਕੇ। ਇਸੇ ਵਜ੍ਹਾ ਨਾਲ ਨਵਾਂ ਐਕਟ ਬਣਾਉਣ ਦੇ ਇਰਾਦੇ ਨਾਲ ਦਿੱਲੀ ਸਰਕਾਰ ਨੇ ਇਹ ਕਮੇਟੀ ਦਾ ਗਠਨ ਕੀਤਾ ਹੈ। ਇਹ ਗੱਲ ਵੱਖਰੀ ਹੈ ਕਿ ਦਿੱਲੀ ਸਰਕਾਰ ਦਿੱਲੀ ਨੂੰ ਪੂਰਣ ਰਾਜ ਦਾ ਦਰਜਾ ਨਾ ਮਿਲ ਸਕਣ ਕਾਰਨ 'ਅਪਾਹਜ' ਹੋਣ ਕਰਕੇ ਕਾਰਪੋਰੇਸ਼ਨ ਲਈ ਭਾਵੇਂ ਐਕਟ ਤਾਂ ਬਣਾ ਸਕਦੀ ਹੈ ਜਿਸਨੂੰ ਵਿਧਾਨ ਸਭਾ ਵਿਚ ਪਾਸ ਕਰਵਾ ਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ, ਪਰ ਇਹ ਇਕ ਕੌੜਾ ਸੱਚ ਹੈ ਕਿ ਤਕਨੀਕੀ ਤੌਰ 'ਤੇ ਇਹ ਬਿੱਲ ਪੇਸ਼ ਕਰਨ ਤੋਂ ਪਹਿਲਾਂ ਕੇਂਦਰ ਦੀ ਪ੍ਰਵਾਨਗੀ ਲੈਣੀ ਪਵੇਗੀ। ਜੇ 'ਹਵਾ ਦਾ ਰੁਖ਼' ਸਹੀ ਰਿਹਾ ਤਾਂ ਇਸ ਤੋਂ ਮਗਰੋਂ ਦਿੱਲੀ ਸਰਕਾਰ ਨੂੰ ਕਾਰਪੋਰੇਸ਼ਨ ਦੇ ਕੰਟਰੋਲ ਲਈ ਕੇਂਦਰ ਸਰਕਾਰ ਤੋਂ ਅਧਿਕਾਰ ਮੰਗਣ ਦੀ ਲੋੜ ਹੀ ਨਹੀਂ ਪੈਣੀ।

ਦਰਅਸਲ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਯਤਨਸ਼ੀਲ ਹੈ ਕਿ ਕਾਰਪੋਰੇਸ਼ਨ ਮੁਕੰਮਲ ਤੌਰ 'ਤੇ ਦਿੱਲੀ ਸਰਕਾਰ ਦੇ ਅਧੀਨ ਹੋਵੇ ਤੇ ਐਕਟ ਵਿਚ ਜਿੱਥੇ ਜਿੱਥੇ ਉਪ ਰਾਜਪਾਲ ਦਾ ਨਾਂ ਹੈ, ਉਸਦੀ ਥਾਂ ਦਿੱਲੀ ਸਰਕਾਰ ਹੋਵੇ। ਕਮਿਸ਼ਨਰ ਦੀ ਨਿਯੁਕਤੀ ਕਰਨ, ਕਾਰਪੋਰੇਸ਼ਨ ਵਾਰਡਾਂ ਤੇ ਜ਼ੋਨ ਦਾ ਪੁਨਰਗਠਨ, ਵਿੱਤੀ ਤੇ ਹੋਰ ਨੀਤੀਗਤ ਫੈਸਲੇ ਲੈਣ ਦਾ ਅਧਿਕਾਰ ਵੀ ਰਾਜ ਸਰਕਾਰ ਨੂੰ ਮਿਲਣਾ ਚਾਹੀਦਾ ਹੈ।

ਦਿੱਲੀ ਦੀ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਸਰਕਾਰ ਕਾਰਪੋਰੇਸ਼ਨ ਦੇ ਅਧਿਕਾਰ ਨੂੰ ਖੋਹਣਾ ਨਹੀਂ ਚਾਹੁੰਦੀ, ਕੇਵਲ ਸਰਕਾਰ ਦੇ ਪ੍ਰਤੀ ਜਵਾਬਦੇਹ ਬਣਾਉਣਾ ਚਾਹੁੰਦੀ ਹੈ ਕਿਉਂਕਿ ਕੰਮ ਕਾਜ ਵਿਚ ਦੋ ਪੱਧਰੀ ਪ੍ਰਣਾਲੀ ਫਿਟ ਨਹੀਂ ਬੈਠ ਰਹੀ। ਦਿਲਚਸਪ ਇਹ ਹੈ ਕਿ ਇਹ ਸਿਆਸਤ ਦਾ ਜਲਵਾ ਹੀ ਸਮਝੋ। ਆਖਰ ਪਿਛਲੇ ਤਿੰਨ ਸਾਲਾਂ ਤੋਂ ਦਿੱਲੀ ਸਰਕਾਰ ਤੇ ਮਿਉਂਸਪਲ ਕਾਰਪੋਰੇਸ਼ਨ ਵਿਚ ਅੰਦਰ ਹੀ ਅੰਦਰ ਸੁਲਗ ਰਹੀ ਚੰਗਿਆੜੀ ਸਰਕਾਰ ਵਲੋਂ ਕਾਰਪੋਰੇਸ਼ਨ ਨੂੰ 'ਸੰਭਾਲ' ਲੈਣ ਦੇ ਮਨਸੂਬਿਆਂ ਕਾਰਨ ਭੜਕੀ ਹੋਈ ਹੈ ਕਿਉਂਕਿ 3 ਸਾਲ ਪਹਿਲਾਂ ਜਦ ਕਾਰਪੋਰੇਸ਼ਨ ਵਿਚ ਕਾਂਗਰਸ ਕਾਬਿਜ਼ ਸੀ ਤਦ ਦਿੱਲੀ ਸਰਕਾਰ ਨੂੰ ਇਹ ਮੰਗ ਉਠਾਉਣ ਦਾ ਖਿਆਲ ਨਹੀਂ ਆਇਆ ਤੇ ਦੋ ਸਾਲ ਪਹਿਲਾਂ ਹੀ ਕਾਰਪੋਰੇਸ਼ਨ ਤੋਂ ਸੱਤਾ ਖੁੱਸ ਜਾਣ 'ਤੇ ਇਹ ਮੰਗ ਉਠਾਈ ਜਾਣ ਲੱਗ ਪਈ। ਯਾਦ ਰਹੇ ਕਾਰਪੋਰੇਸ਼ਨ 'ਤੇ ਇਸ ਸਮੇਂ ਭਾਰਤੀ ਜਨਤਾ ਪਾਰਟੀ ਕਾਬਿਜ ਹੈ।

ਜਾਪਾਨ ਦੀ ਰਾਜਧਾਨੀ ਟੋਕੀਓ ਤੋਂ ਬਾਅਦ ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ, ਜੋ 7 ਅਪ੍ਰੈਲ 1958 ਨੂੰ ਪਾਰਲੀਮੈਂਟ ਰਾਹੀਂ ਐਕਟ ਦੇ ਜ਼ਰੀਏ ਹੋਂਦ ਵਿਚ ਆਈ ਸੀ, ਦਾ ਸਲਾਨਾ ਬਜਟ 6 ਹਜ਼ਾਰ ਕਰੋੜ ਦੇ ਕਰੀਬ ਹੈ। ਤਕਰੀਬਨ 96 ਫ਼ੀਸਦੀ ਅਬਾਦੀ ਕਵਰ ਕਰ ਰਹੀ ਕਾਰਪੋਰੇਸ਼ਨ ਮਤਿਹਤ ਇਕ ਲੱਖ 29 ਹਜ਼ਾਰ ਦੇ ਲਾਗੇ ਚਾਗੇ ਸਫ਼ਾਈ ਮੁਲਾਜ਼ਮ ਹਨ। ਇਹ ਗੱਲ ਵੱਖਰੀ ਹੈ ਕਿ ਅੱਧੇ ਮੁਲਾਜ਼ਮ ਕੰਮ 'ਤੇ ਨਾ ਆਉਂਦੇ ਹੋਣ ਕਾਰਨ ਦੇਸ਼ ਦੀ ਰਾਜਧਾਨੀ ਦਿੱਲੀ ਦੀ ਸਫ਼ਾਈ ਕਿਸੇ ਤੋਂ ਛੁਪੀ ਨਹੀਂ, ਜਦਕਿ ਉਹ ਦਰੋਗਿਆਂ ਨਾਲ ਗੰਢ ਤੁੱਪ ਕਰਕੇ ਘਰ ਬੈਠੇ ਤਨਖਾਹ ਦਾ ਲੁਤਫ਼ ਲੈਂਦੇ ਹਨ। ਕਾਰਪੋਰੇਸ਼ਨ ਦੇ ਅੱਧੀ ਦਰਜਨ ਵੱਡੇ ਹਸਪਤਾਲ ਤੇ ਸੈਂਕੜੇ ਡਿਸਪੈਂਸਰੀਆਂ ਹੋਣ ਦੇ ਬਾਵਜੂਦ ਉਹ ਖੁਦ 'ਬਿਮਾਰ' ਹਨ।

ਇਥੇ ਹੀ ਬੱਸ ਨਹੀਂ, ਇਹ ਵੀ ਪਤਾ ਲੱਗਿਆ ਹੈ ਕਿ ਦਿੱਲੀ ਵਿਚਲੇ 18 ਹਜ਼ਾਰ ਪਾਰਕਾਂ ਵਿਚੋਂ 14,636 ਪਾਰਕ ਕਾਰਪੋਰੇਸ਼ਨ ਅਧੀਨ ਹਨ ਜਿਨ੍ਹਾਂ ਦਾ ਸਾਲਾਨਾ ਬਜਟ 200 ਕਰੋੜ ਹੋਣ ਦੇ ਬਾਵਜੂਦ ਜ਼ਿਆਦਾਤਰ ਦੀ ਹਾਲਤ ਬਦਤਰ ਹੈ। ਇਸੇ ਤਰ੍ਹਾਂ ਸਿੱਖਿਆ ਵਿਭਾਗ ਦਾ ਸਾਲਾਨਾ ਬਜਟ 1100 ਕਰੋੜ ਰੁਪਏ ਹੋਣ ਦੇ ਬਾਵਜੂਦ ਕਾਰਪੋਰੇਸ਼ਨ ਅਧੀਨ ਚੱਲ ਰਹੇ 1790 ਸਕੂਲਾਂ ਦਾ ਹਾਲ ਵੀ ਮਾੜਾ ਹੀ ਹੈ। ਤੇ ਦਿੱਲੀ ਵਿਚਲੀਆਂ 30,600 ਕਿਲੋਮੀਟਰ ਲੰਮੀਆਂ ਸੜਕਾਂ 'ਚੋਂ 27 ਹਜ਼ਾਰ ਕਿਲੋਮੀਟਰ ਕਾਰਪੋਰੇਸ਼ਨ ਅਧੀਨ ਹੋਣ ਕਾਰਨ ਨਾ ਕੇਵਲ ਇਸ ਮਹਿਕਮੇ ਵਿਚ ਭ੍ਰਿਸ਼ਟਾਚਾਰ ਹੈ ਸਗੋਂ, ਇਸਦਾ ਬਿਲਡਿੰਗ ਵਿਭਾਗ ਇਸ ਮਾਮਲੇ ਵਿਚ ਇਹਦਾ ਵੀ ਪਿਓ ਹੈ।

ਕਾਬਿਲੇ ਗ਼ੌਰ ਹੈ ਕਿ ਪਿਛਲੇ ਸਾਲ ਸਤੰਬਰ ਤੋਂ ਹੀ ਕਾਰਪੋਰੇਸ਼ਨ ਨਾਲ ਜੁੜੇ ਅਧਿਕਾਰਾਂ ਨੂੰ ਲੈ ਕੇ ਦਿੱਲੀ ਤੇ ਕੇਂਦਰ ਸਰਕਾਰ ਵਿਚ ਰੱਸਾਕੱਸ਼ੀ ਹੁੰਦੀ ਆ ਰਹੀ ਹੈ। ਪਹਿਲਾਂ ਕੇਂਦਰ ਸਰਕਾਰ ਨੇ ਕਾਰਪੋਰੇਸ਼ਨ ਨਾਲ ਜੁੜੇ 23 ਅਨੁਛੇਦਾਂ ਦੇ ਤਹਿਤ ਦਿੱਲੀ ਸਰਕਾਰ ਨੂੰ ਅਧਿਕਾਰ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਬਾਅਦ ਵਿਚ ਅਧਿਕਾਰਾਂ ਦੀ ਗਿਣਤੀ 23 ਤੋਂ ਘਟਾ ਕੇ 17 ਕਰ ਦਿੱਤੀ ਗਈ। ਪਰ ਦਿੱਲੀ ਸਰਕਾਰ ਇਨ੍ਹਾਂ ਅੱਧੇ ਅਧੂਰੇ ਅਧਿਕਾਰਾਂ ਨਾਲ ਸੰਤੁਸ਼ਟ ਨਹੀਂ ਤੇ ਇਸੇ ਕਾਰਨ ਉਸਨੇ ਇਹ ਅਧਿਕਾਰ ਹੁਣ ਤੱਕ ਸਵੀਕਾਰ ਨਹੀਂ ਕੀਤੇ। ਇਸੇ ਨੂੰ ਲੈ ਕੇ ਕੇਂਦਰ ਤੇ ਰਾਜ ਸਰਕਾਰ ਦਰਮਿਆਨ ਖਿੱਚੋਤਾਣ ਚੱਲ ਰਹੀ ਹੈ।

ਇਸ ਲਈ ਸਰਕਾਰ ਨੇ ਜੇ ਵਾਕਈ ਹੀ ਦਿੱਲੀ ਲਈ ਕੁਝ ਕਰਨਾ ਹੈ ਤਾਂ ਦਿੱਲੀ ਸਰਕਾਰ ਪੁਲਿਸ, ਡੀ ਡੀ ਏ, ਕਾਰਪੋਰੇਸ਼ਨ ਆਦਿ ਨੂੰ ਆਪਣੇ ਮਤਿਹਤ ਲਿਆਉਣ ਦੀ ਮੰਗ ਕਰਨ ਦੀ ਬਜਾਏ ਜੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਵਿਚ ਯੋਗਦਾਨ ਪਾ ਲਏ ਤਾਂ ਇਹ ਸਾਰੀਆਂ ਮੰਗਾਂ ਆਪਣੇ ਆਪ ਪੂਰੀਆਂ ਹੋ ਜਾਣਗੀਆਂ। ਉਹ ਵੀ ਉਦੋਂ ਜਦੋਂ ਕੇਂਦਰ ਵਿਚ ਲਗਾਤਾਰ ਦੂਜੀ ਤੇ ਦਿੱਲੀ ਵਿਚ ਕਾਂਗਰਸ ਦੀ ਹੀ ਲਗਾਤਾਰ ਤੀਜੀ ਵਾਰ ਹਕੂਮਤ ਚੱਲ ਰਹੀ ਹੋਵੇ।